ਪੰਜਾਬ ਸਰਕਾਰ

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ-1 ਸ਼ਾਖਾ)

# ਨੋਟੀਫਿਕੇਸ਼ਨ

ਨੰ:32/70/2009-ਪਪ-1(4)/130 ਚੰਡੀਗੜ੍ਹ, ਮਿਤੀ :09-01-2015

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ "ਪੰਜਾਬ ਗਊ ਸੇਵਾ ਕਮਿਸ਼ਨ " ਦੀ ਸਥਾਪਨਾ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਤਹਿਤ ਕਰਨ ਦੀ ਪ੍ਰਵਾਨਗੀ ਦਿੰਦੇ ਹਨ ।

2. ਪੰਜਾਬ ਗਊ ਸੇਵਾ ਕਮਿਸ਼ਨ ਦਾ ਉਦੇਸ਼ ਅਤੇ ਕਾਰਜ ਖੇਤਰ ਹੇਠ ਲਿਖੇ ਅਨੁਸਾਰ ਹੋਵੇਗਾ:-

1. ਰਾਜ ਸਰਕਾਰ ਵੱਲੋਂ ਲਾਗੂ ਕਾਨੂੰਨਾਂ ਤਹਿਤ ਗਊ ਵੰਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ, ਜਿਸ ਵਿੱਚ ਬੁੱਚੜਖਾਨੇ ਅੰਦਰ ਕੱਟਣ ਜਾਂ ਉਸਦੀ ਸੰਭਾਵਨਾ ਵਿੱਚ ਲਜਾਏ ਜਾਣ ਵਾਲੀਆਂ ਗਊਆਂ ਦੀ ਲਾਜਮੀ ਸੁਰੱਖਿਆ ਅਤੇ ਲਾਗੂ ਨਿਯਮਾਂ ਤਹਿਤ ਅਰੋਪੀਆਂ ਦੇ ਵਿਰੁੱਧ ਫੌਜਦਾਰੀ ਦੀ ਕਾਰਵਾਈ ਕਰਨੀ ਸ਼ਾਮਿਲ ਹੋਵੇਗੀ ।
2. ਉਪਰੋਕਤ (1) ਵਿਚ ਦਰਸਾਈਆਂ ਗਈਆਂ ਵਿਧੀਆਂ ਨੂੰ ਪੂਰਨ ਤੌਰ ਤੇ ਅਤੇ ਉਚਿਤ ਸਮੇਂ ਤੇ ਲਾਗੂ ਕਰਨ ਨੂੰ ਯਕੀਨੀ ਬਣਾਉਣਾ । ਇਸ ਤੋਂ ਇਲਾਵਾ ਰਾਜ ਸਰਕਾਰ ਵੱਲੋਂ ਗਊਸ਼ਾਲਾਵਾਂ ਦੇ ਵਿਕਾਸ ਲਈ ਚਲਾਈਆਂ ਜਾਣ ਵਾਲੀਆਂ ਸਕੀਮਾਂ ਤਹਿਤ ਕੀਤੇ ਜਾਣ ਵਾਲੇ ਕਾਰਜਾਂ ਨੂੰ ਪੂਰਨ ਤੌਰ ਤੇ ਲਾਗੂ ਕਰਨ ਲਈ ਸੁਝਾਅ ਦੇਣਾ।
3. ਗਾਵਾਂ ਦੀ ਦੇਸੀ ਨਸਲ ਦੇ ਵਿਕਾਸ ਲਈ ਸੰਸਥਾਵਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ।
4. ਗਾਵਾਂ ਦੀ ਸਿਹਤ ਸੰਭਾਲ ਨੂੰ ਉਤਸ਼ਾਹਿਤ ਕਰਨਾ ।
5. ਵੱਖ ਵੱਖ ਸੰਸਥਾਵਾਂ ਅਧੀਨ ਨਕਾਰਾ ਅਤੇ ਜਿਆਦਾ ਉਮਰ ਵਾਲੀਆਂ ਗਾਵਾਂ ਦੇ ਸਮੁੱਚੇ ਪ੍ਰਬੰਧ ਨੂੰ ਯਕੀਨੀ ਬਣਾਉਣਾ ।
6. ਸੰਸਥਾਵਾਂ ਨੂੰ ਸੁਪਰਵਾਈਜ ਕਰਨਾ, ਨਿਰੀਖਣ ਕਰਨਾ, ਆਰਥਿਕ ਪੱਖੋਂ ਕਮਜੋਰ ਸੰਸਥਾਵਾਂ ਦਾ ਮਜਬੂਤੀਕਰਣ ਕਰਨ ਲਈ ਸੁਝਾਅ ਦੇਣਾ ਅਤੇ ਆਰਥਿਕ ਮਦਦ ਮੁਹੱਈਆ ਕਰਵਾਉਣੀ ।
7. ਰਾਜ ਸਰਕਾਰ ਵੱਲੋਂ ਦਿੱਤੇ ਗਏ ਹੋਰ ਕੰਮਾਂ ਨੂੰ ਲਾਗੂ ਕਰਨਾ ।
8. ਗਊ ਸੇਵਾ ਕਮਿਸ਼ਨ ਐਕਟ 2014 ਨੂੰ ਲਾਗੂ ਕਰਵਾਉਣ ਲਈ ਪਸ਼ੂ ਭਲਾਈ ਅਫਸਰਾਂ ਨੂੰ ਨਿਯੁਕਤ ਕੀਤਾ ਜਾਵੇਗਾ ਜੋ ਕਿ ਨਜਰਬੰਦ ਗਾਵਾਂ ਦੀ ਭਾਲ, ਵਾਹਨਾ ਦੀ ਤਲਾਸ਼ੀ, ਗਾਵਾਂ ਨੂੰ ਹਿਰਾਸਤ ਵਿੱਚ ਲੈਣ ਦੀ ਕਾਰਵਾਈ ਕਰਨਗੇ।
9. ਫੜੀਆਂ ਗਈਆਂ ਗਾਵਾਂ ਨੂੰ ਨੇੜੇ ਦੀ ਗਊਸ਼ਾਲਾ,ਗਊਸਦਨ ਜਾਂ ਹੋਰ ਸੰਸਥਾਵਾਂ ਵਿੱਚ ਪਹੁੰਚਾਣਾ।

3. ਪੰਜਾਬ ਗਊ ਸੇਵਾ ਕਮਿਸ਼ਨ ਦੇ ਹੇਠ ਲਿਖੇ ਅਨੁਸਾਰ ਚੇਅਰਪਰਸਨ ਅਤੇ ਮੈਂਬਰ ਹੋਣਗੇ :-

(ੳ) ਐਕਸ ਆਫਿਸੀਓ ਮੈਂਬਰ

1. ਵਿੱਤੀ ਕਮਿਸਨਰ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਜਾਂ ਉਹਨਾ ਦਾ ਨੁਮਾਇੰਦਾ ਜੋ ਕਿ ਸੰਯੁੰਕਤ ਸਕੱਤਰ ਤੋਂ ਘੱਟ ਨਾ ਹੋਵੇ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ, ਜਾਂ ਉਹਨਾ ਦਾ ਨੁਮਾਇੰਦਾ ਜੋ ਕਿ ਸੰਯੁਕਤ ਸਕੱਤਰ ਤੋਂ ਘੱਟ ਨਾ ਹੋਵੇ।
3. ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਜਾਂ ਉਹਨਾ ਦਾ ਨੁਮਾਇੰਦਾ ਜੋ ਕਿ ਸੰਯੁਕਤ ਸਕੱਤਰ ਤੋਂ ਘੱਟ ਨਾ ਹੋਵੇ।
4. ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਜਾਂ ਉਹਨਾ ਦਾ ਨੁਮਾਇੰਦਾ ਜੋ ਕਿ ਸੰਯੁਕਤ ਸਕੱਤਰ ਤੋਂ ਘੱਟ ਨਾ ਹੋਵੇ।
5. ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਜਾਂ ਉਹਨਾ ਦਾ ਨੁਮਾਇੰਦਾ।
6. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਸਰਕਾਰ, ਜਾਂ ਉਹਨਾ ਦਾ ਨੁਮਾਇੰਦਾ ਜੋ ਕਿ ਡਿਪਟੀ ਇੰਸਪੈਕਟਰ ਜਨਰਲ ਦੇ ਰੈਂਕ ਤੋ ਘੱਟ ਨਾ ਹੋਵੇ।

7. ਡਾਇਰੈਕਟਰ, ਪਸ਼ੂ. ਪਾਲਣ ਵਿਭਾਗ, ਪੰਜਾਬ। (ਮੈਂਬਰ ਸਕੱਤਰ)

(ਅ) ਨਾਨ ਅਫਿਸ਼ੀਅਲ ਮੈਂਬਰ ।

ਚੇਅਰਪਰਸਨ ਨੂੰ ਮਿਲਾ ਕੇ 7 ਨਾਨ-ਆਫਿਸ਼ੀਅਲ ਮੈਂਬਰ ਹੋਣਗੇ :-

1. ਸ੍ਰੀ ਕੀਮਤੀ ਲਾਲ ਭਗਤ, ਚੈਅਰਮੈਨ, ਮਕਾਨ ਨੰ: 47/3 ਭਾਰਗਵ ਨਗਰ, ਜਲੰਧਰ।
2. ਸ੍ਰੀ ਜਗਤਾਰ ਸਿੰਘ, ਗੈਰ-ਸਰਕਾਰੀ ਮੈਂਬਰ, ਪਿੰਡ ਜੋਗਾ, ਜਿਲ੍ਹਾ ਮਾਨਸਾ।
3. ਸ੍ਰੀ ਧਰਮਪਾਲ, ਗੈਰ ਸਰਕਾਰੀ ਮੈਂਬਰ,ਡੀ.ਐਮ.ਹਸਪਤਾਲ, ਲਹਿਰਾ ਬਾਜਾਰ, ਰਾਮਪੁਰਾ ਫੂਲ,ਜਿਲ੍ਹਾ ਬਠਿੰਡਾ।
4. ਸ੍ਰੀ ਸੁੰਦਰ ਦਾਸ ਧਮੀਜਾ, ਗੈਰ ਸਰਕਾਰੀ ਮੈਂਬਰ,ਚੈਅਰਮੈਨ-ਸ੍ਰੀ ਗੋਬਿੰਦ ਗਊ ਧਾਮ, ਮਕਾਨ ਨੰ 26, ਸੁਖਮਨੀ ਇਨਕਲੇਵ,ਕਨਾਲ ਰੋਡ, ਲੁਧਿਆਣਾ।
5. ਡਾ.ਬਿੰਦੂ ਸਾਰ ਸ਼ੁਕਲਾ, ਗੈਰ ਸਰਕਾਰੀ ਮੈਂਬਰ, ਜਨਰਲ ਸਕੱਤਰ, ਹਿੰਦੂ ਗਊ ਰਕਸ਼ਨੀ ਸਭਾ ਰਜਿਸਟਰਡ, ਹੁਸਿਆਰਪੁਰ।
6. ਸ੍ਰੀ ਪ੍ਰਵੀਨ ਜੈਨ, ਗੈਰ ਸਰਾਰੀ ਮੈਂਬਰ, ਮਕਾਨ ਨੰ 345,ਵਾਰਡ ਨੰ:17 ਮੰਡੀ ਹਰਜੀ ਰਾਮ, ਮਲੋਟ।
7. ਸ੍ਰੀ ਪਵਨ ਗੋਇਲ, ਗੈਰ ਸਰਕਾਰੀ ਮੈਂਬਰ, 75, ਮਾਲ ਇਨਕਲੇਵ, ਮਾਲ ਰੋਡ, ਲੁਧਿਆਣਾ।

(2) ਕਮਿਸ਼ਨ ਲੋੜ ਅਨੁਸਾਰ ਅਧਿਕਾਰੀਆਂ/ ਮਾਹਿਰਾਂ ਨੂੰ ਬਤੌਰ ਸਪੈਸਲ ਇਨਵਾਈਟੀਜ ਐਸੋਸੀਏਟ ਕਰ ਸਕਦਾ ਹੈ ।

4. ਨਾਮਜਦ ਮੈਂਬਰਾਂ ਦੀ ਮਿਆਦ ਨਿਯੁਕਤੀ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਹੋਵੇਗੀ ਅਤੇ ਇਹ ਕਮਿਸ਼ਨ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਨੁਸਾਰ ਕੰਮ ਕਰੇਗਾ।

5. ਪੰਜਾਬ ਗਊ ਸੇਵਾ ਕਮਿਸ਼ਨ ਦੀ ਸਥਾਪਨਾ ਮੰਤਰੀ ਪ੍ਰੀਸ਼ਦ ਦੇ ਫੈਸ਼ਲੇ ਅਨੁਸਾਰ ਕੀਤੀ ਗਈ ਹੈ ।

ਐਮ.ਐਸ.ਸੰਧੂ

ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ।

ਅੰ.ਵਿੰ.ਪੱ.ਨੰ:32/70/2009-ਪਪ-1(4)/131 ਚੰਡੀਗੜ੍ਹ, ਮਿਤੀ:09-01-2015

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ ।
2. ਸਕੱਤਰ/ਪਸ਼ੂ ਪਾਲਣ ਮੰਤਰੀ ਪੰਜਾਬ।
3. ਨਿੱਜੀ ਸਕੱਤਰ/ਵਿੱਤੀ ਕਮਿਸ਼ਨਰ ਪਸ਼ੂ ਪਾਲਣ ਪੰਜਾਬ।
4. ਨਿੱਜੀ ਸਹਾਇਕ/ਸਕੱਤਰ ਪਸ਼ੂ ਪਾਲਣ, ਪੰਜਾਬ।
5. ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ)
6. ਕੰਟਰੋਲਰ ਪ੍ਰੀਟਿੰਗ ਅਤੇ ਸਟੇਸ਼ਨਰੀ ਵਿਭਾਗ,ਪੰਜਾਬ ਨੂੰ ਸਮੇਤ ਸੀ.ਡੀ.ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਨੋਟੀਫਿਕੇਸ਼ਨ ਦੀਆਂ 35-35 ਕਾਪੀਆਂ ਦਫਤਰੀ ਵਰਤੋਂ ਲਈ ਭੇਜੀਆਂ ਜਾਵੇ।
7. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ ।
8. ਸਬੰਧਤ ਮੈਂਬਰਜ।

ਸਕੱਤਰ ਪਸ਼ੂ ਪਾਲਣ।